BEST DEAL TRAVEL INC.
LICENSE # BCCP 79578
SPECIAL FARE TO INDIA
BEST DEAL TRAVEL INC.
#120 13740 72A Ave Surrey BC
YOU CAN CONTACT US AT WHATSAPP ALSO PARDEEP SANDHU
778-895-5422

Space Available for your Ad
ਪੰਜਾਬ ਗਾਰਡੀਅਨ ਨਾਲ ਐਡ ਪਾਉ ਅਤੇ ਆਪਣਾ ਬਿਜ਼ਨਸ ਵਧਾਓ

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Otttawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 31, Issue No. 28 Ending Date: Jul 12, 2024

ADVERTISE HERE
If you are reading this, so are your potential customers!
Contact us for details.
ਪੰਜਾਬ ਗਾਰਡੀਅਨ ਨਾਲ ਐਡ ਪਾਉ ਅਤੇ ਆਪਣਾ ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
Call to Advertise 604-590-5200

# ਭਾਰਤ ਵਿਚ ਧਰਮ ਪਰਿਵਰਤਨ ਵਿਰੋਧੀ ਕਾਨੂੰਨਾਂ, ਨਫ਼ਰਤ ਭਰੇ ਭਾਸ਼ਣਾਂ ਵਿਚ ਵਾਧਾ ਚਿੰਤਾਜਨਕ:ਬਲਿੰਕਨ

ਵਾਸਿੰਗਟਨ:ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਿਹਾ ਕਿ ਭਾਰਤ ਵਿਚ ਧਰਮ ਪਰਿਵਰਤਨ ਵਿਰੋਧੀ ਕਾਨੂੰਨਾਂ, ਨਫ਼ਰਤ ਭਰੇ ਭਾਸ਼ਣ ਅਤੇ ਧਾਰਮਿਕ ਘੱਟ ਗਿਣਤੀ ਭਾਈਚਾਰਿਆਂ ਦੇ ਲੋਕਾਂ ਦੇ ਘਰਾਂ ਅਤੇ ਪੂਜਾ ਸਥਾਨਾਂ ਨੂੰ ਢਾਹੁਣ ਦੇ ਮਾਮਲਿਆਂ ਵਿਚ "ਚਿੰਤਾਜਨਕ ਵਾਧਾ" ਹੋਇਆ ਹੈ। ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ 'ਤੇ ਵਿਦੇਸ਼ ਵਿਭਾਗ ਦੀ ਸਾਲਾਨਾ ਰਿਪੋਰਟ ਜਾਰੀ ਕਰਨ ਦੇ ਮੌਕੇ 'ਤੇ ਬਲਿੰਕੇਨ ਨੇ ਕਿਹਾ ਕਿ ਦੁਨੀਆਂ ਭਰ ਦੇ ਲੋਕ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਬਹੁਤ ਯਤਨ ਕਰ ਰਹੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸੀਨੀਅਰ ਅਮਰੀਕੀ ਅਧਿਕਾਰੀਆਂ ਨੇ 2023 ਵਿਚ ਭਾਰਤ ਵਿਚ ਅਪਣੇ ਹਮਰੁਤਬਾ ਨਾਲ ਧਾਰਮਿਕ ਆਜ਼ਾਦੀ ਦੇ ਮੁੱਦਿਆਂ ਬਾਰੇ ਲਗਾਤਾਰ ਚਿੰਤਾਵਾਂ ਪ੍ਰਗਟਾਈਆਂ। ਵਿਦੇਸ਼ ਮੰਤਰੀ ਨੇ ਕਿਹਾ,





(ਬਾਕੀ ਸਫਾ ਬੀ-4 ਤੇ)

# ਗੁ. ਸੁਖ ਸਾਗਰ ਨਿਊਵੈਸਟ ਵੱਲੋਂ ਕਰਾਏ ਗਏ ਸਲਾਨਾ ਨਗਰ ਕੀਰਤਨ ਵਿਚ ਸੰਗਤਾਂ ਹੁੰਮ ਹੁਮਾ ਕੇ ਪਹੁੰਚੀਆਂ

(ਵਿਸਥਾਰ ਸਫਾ ਬੀ-13ਤੇ ਪੜ੍ਹੋ)



# ਸਰੀ ਦੀ ਅਥਲੀਟ ਜਸਨੀਤ ਕੌਰ ਨਿੱਝਰ ਦੀ ਉਲੰਪਿਕ ਲਈ ਚੋਣ



ਸਰੀ (ਸੁਖਵੀਰ ਗਰੇਵਾਲ)-ਸਰੀ ਦੀ ਪੰਜਾਬਣ ਅਥਲੀਟ ਜਸਨੀਤ ਕੌਰ ਨਿੱਜਰ ਕੈਨੇਡਾ ਦੇ ਪੰਜਾਬੀ ਭਾਈਚਾਰੇ ਲਈ ਇੱਕ ਖੇਡ ਇਤਿਹਾਸ ਸਿਰਜਣ ਵਿੱਚ ਸਫਲ ਹੋ ਗਈ ਹੈ। ਅਥਲੈਟਿਕਸ ਕੈਨੇਡਾ ਵਲੋਂ ਪੈਰਿਸ ਉਲੰਪਿਕ ਲਈ ਕੈਨੇਡਾ ਦੀ ਜਿਹੜੀ ਅਥਲੈਟਿਕ ਟੀਮ ਦਾ ਐਲਾਨ ਕੀਤਾ ਗਿਆ ਹੈ ਉਸ ਵਿੱਚ ਜਸਨੀਤ ਕੌਰ ਨਿੱਜਰ ਦਾ ਨਾਮ ਸ਼ਾਮਿਲ ਹੈ। ਉਲੰਪਿਕ ਵਿੱਚ ਪੰਜਾਬੀ ਖਿਡਾਰੀਆਂ ਨੇ ਕੈਨੇਡਾ ਵਲੋਂ ਫੀਲਡ ਹਾਕੀ ਤੇ ਕੁਸ਼ਤੀ ਵਿੱਚ ਚੰਗਾ ਨਾਮ ਕਮਾਇਆ ਹੈ ਪਰ ਕੈਨੇਡਾ ਵਲੋਂ ਅਥਲੈਟਿਕਸ ਵਿੱਚ ਉਲੰਪਿਕ ਦੇ ਪੱਧਰ ਤੇ ਪੁੱਜਣ ਵਾਲੀ ਜਸਨੀਤ ਕੌਰ ਨਿੱਜਰ ਪਹਿਲੀ ਪੰਜਾਬਣ ਬਣੀ ਹੈ। ਜੈਸੀ ਦੋਸਾਂਝ ਦੀ ਕੋਚਿੰਗ ਹੇਠ ਇਸ ਮੁਕਾਮ ਤੇ ਪੁੱਜੀ ਜਸਨੀਤ ਕੈਨੇਡਾ ਵਲੋਂ 4×400 ਮੀਟਰ ਰਿਲੇਅ ਦੌੜ ਵਿੱਚ ਭਾਗ ਲਵੇਗੀ।

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
- Purchases with 5% Down Payment
- Refinance & Renewals at Best Rates
- Self-employment - Special Programs
- Second Mortgage & Equity Loans (No Income Verification)
- Private financing - Easy Approvals
- Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਲਾਈਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
ਜਸਵੀਰ ਗਰੇਵਾਲ
778 317 6262

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਈ
Air Canada Direct YVR to Delhi
604-852-2204

ਪੰਜਾਬ ਗਾਰਡੀਅਨ
Book Your Ad Today
604-590-5200

We Moved To New Location
27441-FRASER HWY. ALDERGROVE, BC
Universal Auto Collision Ltd.
- ICBC Claims
- Private Claims
- Free Courtesy Cars
- Auto Glass Replacement
- Free Estimates
Ph. 604-596-2800
Fax: 604-596-3800
Satisfaction Guarantee

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿ:
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

SIDHU TRAVEL LTD.
Rani Sidhu:604-504-3400
Manpreet:604-800-3003
BESTWAY Foreign Exchange Ltd.
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ। ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

ਮੌਰਟਗੇਜ ਦੇ ਮਾਹਿਰ
MORTGAGE ALLIANCE
Avineet Kalsey
Mortgage Consultant
604.763.3000
• ਘਰਾਂ ਦੀ ਮੌਰਟਗੇਜ • ਸੈਕਿੰਡ ਮੌਰਟਗੇਜ • ਕੌਂਸਟ੍ਰਕਸ਼ਨ • ਕਮਰਸ਼ੀਅਲ
akalsey@mortgagealliance.com
MortgageAlliance.com/AvineetKalsey
#1A - 2497 Clearbrook Rd, Abbotsford, BC V2T 2Y3
#205 - 12033 92A Ave. Surrey, BC V3V 4B8

READY FOR A FRESH START!
With updated strategies and a fast netwok, we'll re-list and ensure your home gets the attention it deserves.
*RESIDENTIAL *COMMERCIAL *AGRICULTURAL
We are happy to answer all of your questions.
DR. GURVINDER SINGH DHALIWAL 604-825-1550
gurvindersinghprec@gmail.com
WWW.GURVINDERSINGHDHALIWAL.COM

ਪੰਜਾਬ ਗਾਰਡੀਅਨ
Call to Advertise 604-590-5200


FARM AND SPICE
FARM AND SPICE
Weekly Special
JULY 5 - 11
ਨਿੰਬੂ (ਹਰੇ/ਪੀਲੇ)
Limes/Lemon
2 For
$0.99
ਸੇਬ
Apples
Ambrosia/Cosmic Crisp - per lb
$1.49
ਪੇਠਾ ਕੱਦੂ
Petha Kadu
per lb
$1.29
ਪਾਲਕ
Spinach
each
$1.49
ਵੈਜੀ ਮੈਰੋ
Veggie Marrow
per lb
$1.49
ਫੁੱਲ ਗੋਬੀ
Cauliflower
each
$1.99
ਅਦਰਕ
Ginger
per lb
$2.49
ਪਲੱਮ
Plum
per lb
$2.99
ਰੂਹਆਫਜ਼ਾ
Roohafza
Pakistani (800ml) each
$3.99
ਪਨੀਰ
Savera
Paneer(341g) each
$4.99
ਨਾਰੀਅਲ ਪਾਣੀ
Bestropic
Coconut Water (1Ltr) 2 for
$7.00
ਜੂਸ
ITN Juices
Assorted (3Ltr) each
$6.99
ਭੂਰੀ ਖੰਡ
Tiger
Brown Sugar (8Lb) each
$8.99
ਹੀਰ ਆੱਟਾ
Heer Atta
Chakki Fresh (20Lb) each
$12.99
ਰੋਇਲ ਚਾਵਲ
Royal
Basmati Rice (10Lb) each
$13.99
ਦੇਸੀ ਘਿਓ
Heer
Desi Ghee (3.5Lb) each
$24.99
*while supply last
Open 7 Days a Week
8:30 am to 9:00 pm
farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# ਵਿਦਿਆਰਥੀਆਂ ‘ਚ ਲੋਕਪ੍ਰਿਅ ਨਹੀਂ ਰਿਹਾ ਕੈਨੇਡਾ! ਹੈਰਾਨੀਜਨਕ ਅੰਕੜੇ ਆਏ ਸਾਹਮਣੇ

ਟੋਰਾਂਟੋ:- ਵਿਦੇਸ਼ਾਂ ‘ਚ ਪੜ੍ਹਾਈ ਲਈ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਲਈ ਕੈਨੇਡਾ ਲੰਮੇ ਸਮੇਂ ਤੋਂ ਪਸੰਦੀਦਾ ਦੇਸ਼ ਸੀ ਪਰ ਹੁਣ ਵਿਦਿਆਰਥੀਆਂ ਦਾ ਕੈਨੇਡਾ ਤੋਂ ਮੋਹ ਭੰਗ ਹੁੰਦਾ ਜਾ ਰਿਹਾ ਹੈ। ਵੱਖ-ਵੱਖ ਕਾਰਨਾਂ ਕਰਕੇ ਪਿਛਲੇ ਇੱਕ ਸਾਲ ਵਿਚ ਵਿਦਿਆਰਥੀਆਂ ਵਿਚ ਕੈਨੇਡਾ ਲੋਕਪ੍ਰਿਅ ਨਹੀਂ ਰਿਹਾ। ਆਈ.ਆਰ.ਸੀ.ਸੀ. ਦੇ ਅੰਕੜਿਆਂ ਅਨੁਸਾਰ ਮਾਰਚ 2024 ਵਿਚ ਸਿਰਫ 4,210 ਵਿਦਿਆਰਥੀਆਂ ਨੇ ਅਧਿਐਨ ਪਰਮਿਟ ਲਈ ਅਰਜ਼ੀ ਦਿੱਤੀ ਹੈ, ਜੋ ਕਿ ਪਿਛਲੇ ਸਾਲ ਦੇ ਮੁਕਾਬਲੇ ਸਿਰਫ 83.16 ਫੀਸਦੀ ਹੈ। ਮਾਰਚ 2022 ਅਤੇ ਮਾਰਚ 2023 ਵਿਚ 25 ਹਜ਼ਾਰ ਭਾਰਤੀ ਵਿਦਿਆਰਥੀਆਂ ਨੇ ਸਟੱਡੀ ਪਰਮਿਟ ਲਈ ਅਰਜ਼ੀ ਦਿੱਤੀ ਸੀ ਜਿਨਾ ਵਿੱਚ ਬਹੁਤਾਤ ਪੰਜਾਬ ਤੋ ਸੀ। ਵਿਦਿਆਰਥੀਆਂ ਵੱਲੋਂ ਕੈਨੇਡੀਅਨ ਸਟੱਡੀ ਪਰਮਿਟ ਅਰਜ਼ੀਆਂ ਦੀ ਗਿਣਤੀ ਅਕਤੂਬਰ 2023 ਤੱਕ ਲਗਾਤਾਰ ਘਟਦੀ ਜਾ ਰਹੀ ਹੈ। ਪਿਛਲੇ ਸਾਲ ਦੇ ਮੁਕਾਬਲੇ 2023 ਦੀ ਆਖਰੀ ਤਿਮਾਹੀ ਵਿਚ 86 ਫੀਸਦੀ ਜ਼ਿਆਦਾ ਭਾਰਤੀ ਵਿਦਿਆਰਥੀਆਂ ਨੇ ਸਟੱਡੀ ਵੀਜ਼ਾ ਲਈ ਅਪਲਾਈ ਕੀਤਾ। 2023 ‘ਚ ਜੁਲਾਈ ਤੋਂ ਸਤੰਬਰ ਵਿਚਕਾਰ 1.08 ਲੱਖ ਵੀਜ਼ਾ ਪਰਮਿਟ ਜਾਰੀ ਹੋਏ, ਅਕਤੂਬਰ ਤੋਂ ਦਸੰਬਰ ਵਿਚਕਾਰ ਸਟੱਡੀ ਪਰਮਿਟ ਦੀ ਗਿਣਤੀ 14,910 ‘ਤੇ ਆ ਗਈ। ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ ਗਿਰਾਵਟ ਦਾ ਕੈਨੇਡਾ ਦੀ ਅਰਥਵਿਵਸਥਾ ‘ਤੇ ਕਾਫੀ ਅਸਰ ਪਿਆ ਹੈ। ਅੰਤਰਰਾਸ਼ਟਰੀ ਵਿਦਿਆਰਥੀ ਵਿਚੋਂ 41 ਫੀਸਦੀ ਭਾਰਤ ਤੋਂ ਆਉਂਦੇ ਹਨ, ਉਹ ਟਿਊਸ਼ਨ ਫੀਸਾਂ, ਰਿਹਾਇਸ਼ ਅਤੇ ਰਹਿਣ-ਸਹਿਣ ਦੇ ਖਰਚਿਆਂ ਰਾਹੀਂ ਸਾਲਾਨਾ ਅਰਬਾਂ ਡਾਲਰ ਦਾ ਯੋਗਦਾਨ ਪਾਉਂਦੇ ਹਨ। ਕੈਨੇਡੀਅਨ ਬਿਊਰੋ ਫਾਰ ਇੰਟਰਨੈਸ਼ਨਲ ਐਜੂਕੇਸ਼ਨ ਦੀ ਰਿਪੋਰਟ ਅਨੁਸਾਰ ਅੰਤਰਰਾਸ਼ਟਰੀ ਵਿਦਿਆਰਥੀ ਸਾਲਾਨਾ ਕੈਨੇਡੀਅਨ ਆਰਥਿਕਤਾ ਵਿਚ ਲਗਭਗ 1.34 ਲੱਖ ਕਰੋੜ ਰੁਪਏ ਦਾ ਯੋਗਦਾਨ ਪਾਉਂਦੇ ਹਨ।

ਪੰਜਾਬ ਦੇ ਵਿਦਿਆਰਥੀ ਕੈਨੇਡੀਅਨ ਆਰਥਿਕਤਾ ਵਿਚ 68,000 ਕਰੋੜ ਰੁਪਏ ਦਾ ਯੋਗਦਾਨ ਪਾਉਂਦੇ ਹਨ। ਓਨਟਾਰੀਓ ਵਿਚ 8 ਸਾਲਾਂ ਤੋਂ ਕਰਿਆਨੇ ਦੀ ਦੁਕਾਨ ਚਲਾ ਰਹੇ ਰਾਜ ਪਟੇਲ ਦਾ ਕਹਿਣਾ ਹੈ ਕਿ ਸਾਡੇ ਜ਼ਿਆਦਾਤਰ ਉਤਪਾਦ ਕਿਫਾਇਤੀ ਹਨ, ਵਿਦਿਆਰਥੀ ਸਾਡੇ ਮੁੱਖ ਗਾਹਕਾਂ ਵਿਚੋਂ ਇੱਕ ਹਨ। ਇਸ ਬਦਲਾਅ ਕਾਰਨ ਕਾਰੋਬਾਰ ਪ੍ਰਭਾਵਿਤ ਹੋਇਆ ਹੈ। ਭਾਰਤੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਵਿਚ ਗਿਰਾਵਟ ਦੇ ਕਈ ਕਾਰਨ ਹਨ, ਇਨ੍ਹਾਂ ਵਿਚ ਵਿਗੜਦੇ ਕੂਟਨੀਤਿਕ ਸਬੰਧ, ਰੁਜ਼ਗਾਰ ਦੇ ਮੌਕਿਆਂ ਦੀ ਘਾਟ, ਰਹਿਣ-ਸਹਿਣ ਦੀਆਂ ਵਧਦੀਆਂ ਕੀਮਤਾਂ ਸ਼ਾਮਲ ਹਨ। ਕੈਨੇਡਾ ਵਿਚ 2021 ਵਿਚ ਮਹਿੰਗਾਈ ਦਰ 0.71 ਫੀਸਦੀ, ਜੋ 2023 ਵਿਚ ਵੱਧ ਕੇ 6.8 ਫੀਸਦੀ ਹੋ ਗਿਆ ਹੈ। ਸਰਕਾਰ ਨੇ ਭਾਰਤੀ ਵਿਦਿਆਰਥੀਆਂ ‘ਤੇ ਹਫ਼ਤੇ ‘ਚ 24 ਘੰਟੇ ਕੰਮ ਕਰਨ ਦੀ ਸੀਮਾ ਲਗਾਈ ਹੈ। ਇਸ ਕਾਰਨ ਵਿਦਿਆਰਥੀਆਂ ਲਈ ਚੰਗੀ ਜੀਵਨ ਸ਼ੈਲੀ ਜਿਊਣਾ ਸੰਭਵ ਨਹੀਂ ਹੈ। ਕੈਨੇਡਾ ਵਿਚ ਰਿਹਾਇਸ਼ੀ ਸੰਕਟ ਕਾਰਨ ਇੱਕ ਮਕਾਨ ਕਿਰਾਏ ‘ਤੇ ਦੇਣਾ ਤੇ ਇਸ ਨੂੰ ਲੈਣਾ ਵੀ ਹੁਣ ਬਰਦਾਸ਼ਤਯੋਗ ਨਹੀਂ ਹੈ। ਕੈਨੇਡਾ ਵਿਚ ਨੌਕਰੀ ਦੀ ਮਾਰਕੀਟ ਵਿਚ ਗਿਰਾਵਟ ਭਾਰਤੀ ਵਿਦਿਆਰਥੀਆਂ ਲਈ ਹੋਰ ਸਮੱਸਿਆਵਾਂ ਪੈਦਾ ਕਰ ਰਹੀ ਹੈ। ਕੈਨੇਡਾ ਵਿਚ ਤਕਨੀਕੀ ਭਰਤੀ ਕਰਨ ਵਾਲੇ ਲਸ਼ਿਤ ਕਪੂਰ ਦਾ ਕਹਿਣਾ ਹੈ ਕਿ ਭਾਰਤੀ ਵਿਦਿਆਰਥੀ 20 ਸਾਲਾਂ ਦੇ ਹੁੰਦੇ ਹਨ ਅਤੇ ਉਨ੍ਹਾਂ ਕੋਲ ਇਹ ਸਖ਼ਤ ਹੁਨਰ ਨਹੀਂ ਹੁੰਦੇ ਹਨ, ਜਿਸ ਨਾਲ ਉਨ੍ਹਾਂ ਦੇ ਰੁਜ਼ਗਾਰ ਦੀਆਂ ਸੰਭਾਵਨਾਵਾਂ ਹੋਰ ਘਟਦੀਆਂ ਹਨ। ਅਸਲ ਵਿਚ, ਕੈਨੇਡਾ ਵਿਚ ਬੇਰੁਜ਼ਗਾਰੀ ਦੀ ਦਰ 6.1 ਫੀਸਦੀ ਤੱਕ ਪਹੁੰਚ ਗਈ, ਜੋ ਕਿ 3 ਸਾਲਾਂ ਵਿਚ ਸਭ ਤੋਂ ਵੱਧ ਹੈ। ਅਪ੍ਰੈਲ 2024 ਵਿਚ 25 ਹਜ਼ਾਰ ਨੌਕਰੀਆਂ ਦਿੱਤੀਆਂ ਜਾਣੀਆਂ ਸਨ ਪਰ 2200 ਨੌਕਰੀਆਂ ਚਲੀਆਂ ਗਈਆਂ।

# ਪੰਜਾਬ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਨੂੰ ਸਹੁੰ ਚੁੱਕਣ ਲਈ ਪੈਰੋਲ ਦੇਣ ਲਈ ਲੋਕ ਸਭਾ ਸਪੀਕਰ ਨੂੰ ਅਰਜ਼ੀ ਭੇਜੀ



ਚੰਡੀਗੜ੍ਹ:-ਪੰਜਾਬ ਸਰਕਾਰ ਨੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਲਈ ਅੰਮ੍ਰਿਤਪਾਲ ਸਿੰਘ ਨੂੰ ਪੈਰੋਲ ਦੇਣ ਸਬੰਧੀ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਅਰਜ਼ੀ ਭੇਜੀ ਹੈ। ਅੰਮ੍ਰਿਤਪਾਲ ਸਿੰਘ ਇਸ ਵੇਲੇ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਐਨਐਸਏ ਤਹਿਤ ਨਜ਼ਰਬੰਦ ਹੈ। ਸਾਬਕਾ ਸੰਸਦ ਮੈਂਬਰ ਅਤੇ ਅੰਮ੍ਰਿਤਪਾਲ ਸਿੰਘ ਦੇ ਬੁਲਾਰੇ ਰਾਜਦੇਵ ਸਿੰਘ ਖਾਲਸਾ ਨੇ ਕਿਹਾ ਕਿ ਅੰਮ੍ਰਿਤਸਰ ਦੇ ਜ਼ਿਲ੍ਹਾ ਮੈਜਿਸਟਰੇਟ ਨੂੰ ਪੈਰੋਲ ਦੇਣ ਲਈ ਅਰਜ਼ੀ ਭੇਜੀ ਗਈ ਸੀ ਕਿਉਂਕਿ ਅੰਮ੍ਰਿਤਸਰ ਵਿੱਚ ਕੌਮੀ ਸੁਰੱਖਿਆ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਖਾਲਸਾ ਨੇ ਕਿਹਾ ਕਿ ਡੀਐਮ ਨੇ ਅਰਜ਼ੀ ਪੰਜਾਬ ਦੇ ਗ੍ਰਹਿ ਸਕੱਤਰ ਨੂੰ ਭੇਜ ਦਿੱਤੀ, ਜਿਨ੍ਹਾਂ ਨੇ ਇਸ ਨੂੰ ਲੋਕ ਸਭਾ ਸਪੀਕਰ ਨੂੰ ਭੇਜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਕ ਚੁਣੇ ਹੋਏ ਸੰਸਦ ਮੈਂਬਰ ਕੋਲ ਸਹੁੰ ਚੁੱਕਣ ਲਈ 60 ਦਿਨ ਹੁੰਦੇ ਹਨ। ਇਹ ਵੀ ਪਤਾ ਲੱਗਿਆ ਹੈ ਕਿ ਲੋਕ ਸਭਾ ਸਪੀਕਰ ਨੇ ਅਰਜ਼ੀ ’ਤੇ ਕੋਈ ਕਾਰਵਾਈ ਨਹੀਂ ਕੀਤੀ ਹੈ।

# ਚੀਫ ਜਸਟਿਸ ਆਫ ਇੰਡੀਆ ਵੱਲੋਂ ਨਵੇਂ ਫੌਜਦਾਰੀ ਕਾਨੂੰਨਾਂ ’ਤੇ ਟਿੱਪਣੀ ਕਰਨ ਤੋਂ ਇਨਕਾਰ

ਨਵੀਂ ਦਿੱਲੀ:-ਭਾਰਤ ਦੇ ਚੀਫ਼ ਜਸਟਿਸ ਡੀ ਵਾਈ ਚੰਦਰਚੂੜ ਨੇ ਪਹਿਲੀ ਜੁਲਾਈ ਤੋਂ ਲਾਗੂ ਹੋਏ ਨਵੇਂ ਫੌਜਦਾਰੀ ਕਾਨੂੰਨਾਂ ’ਤੇ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਨ੍ਹਾਂ ਕਾਨੂੰਨਾਂ ਨਾਲ ਸਬੰਧਤ ਮੁੱਦੇ ਸੁਪਰੀਮ ਕੋਰਟ ਵਿੱਚ ਵਿਚਾਰ ਅਧੀਨ ਹਨ। ਇਸ ਦਾ ਉਸ ਸਮਾਗਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਜਿਸ ਵਿਚ ਹਾਜ਼ਰੀ ਭਰਨ ਲਈ ਉਹ ਆਏ ਹਨ... ਇਹ ਉਹ ਮੁੱਦੇ ਹਨ ਜੋ ਸੁਪਰੀਮ ਕੋਰਟ ਅਤੇ ਸੰਭਾਵਤ ਤੌਰ ’ਤੇ ਹੋਰ ਉੱਚ ਅਦਾਲਤਾਂ ਦੇ ਵਿਚਾਰ ਅਧੀਨ ਹਨ ਅਤੇ ਉਹ ਇਸ ਮਾਮਲੇ ’ਤੇ ਕੋਈ ਟਿੱਪਣੀ ਨਹੀਂ ਕਰਨਗੇ। ਉਨ੍ਹਾਂ ਕੌਮੀ ਰਾਜਧਾਨੀ ਦੇ ਕੜਕੜਡੂਮਾ, ਸ਼ਾਸਤਰੀ ਪਾਰਕ ਅਤੇ ਰੋਹਿਨੀ ਵਿਚ ਤਿੰਨ ਵਾਧੂ ਅਦਾਲਤੀ ਇਮਾਰਤਾਂ ਦੇ ਨਿਰਮਾਣ ਲਈ ਨੀਂਹ ਪੱਥਰ ਰੱਖਣ ਦੇ ਸਮਾਗਮ ਵਿਚ ਸ਼ਿਰਕਤ ਕੀਤੀ।

# ਅਮਰੀਕੀ ਸੁਪਰੀਮ ਕੋਰਟ ਵੱਲੋਂ ਟਰੰਪ ਖ਼ਿਲਾਫ਼ ਫੌਜਦਾਰੀ ਕੇਸ ਨਾ ਚਲਾਉਣ ਦਾ ਫੈਸਲਾ



ਨਿਊਯਾਰਕ- ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਦੇ ਹੱਕ ਵਿਚ ਵੱਡਾ ਫੈਸਲਾ ਸੁਣਾਇਆ ਹੈ। ਅਦਾਲਤ ਨੇ ਕਿਹਾ ਹੈ ਕਿ ਟਰੰਪ ਦੇ ਰਾਸ਼ਟਰਪਤੀ ਕਾਰਜਕਾਲ ਦੌਰਾਨ ਲਏ ਗਏ ਫੈਸਲਿਆਂ ‘ਤੇ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ‘ਤੇ ਅਮਰੀਕਾ ਦੇ ਰਾਸ਼ਟਰਪਤੀ ਹੁੰਦਿਆਂ ਨਵੰਬਰ 2020 ਦੀਆਂ ਚੋਣਾਂ ਦੇ ਨਤੀਜਿਆਂ ਨੂੰ ਉਲਟਾਉਣ ਦੀ ਸਾਜ਼ਿਸ਼ ਰਚਣ ਦਾ ਦੋਸ਼ ਸੀ। ਟਰੰਪ ਨੇ ਇਸ ਖਿਲਾਫ ਅਟਲਾਂਟਾ ਦੀ ਹੇਠਲੀ ਅਦਾਲਤ ‘ਚ ਕੇਸ ਦਾਇਰ ਕਰਦਿਆਂ ਅਪੀਲ ਕੀਤੀ ਸੀ ਕਿ ਸਾਬਕਾ ਰਾਸ਼ਟਰਪਤੀ ਹੋਣ ਦੇ ਨਾਤੇ ਉਨ੍ਹਾਂ ਖਿਲਾਫ ਫੌਜਦਾਰੀ ਮਾਮਲਾ ਨਹੀਂ ਚਲਾਇਆ ਜਾਣਾ ਚਾਹੀਦਾ ਪਰ ਹੇਠਲੀ ਅਦਾਲਤ ਨੇ ਇਹ ਅਪੀਲ ਰੱਦ ਕਰ ਦਿੱਤੀ ਸੀ। ਹਾਲਾਂਕਿ ਹੁਣ ਸੁਪਰੀਮ ਕੋਰਟ ਨੇ ਅਟਲਾਂਟਾ ਕੋਰਟ ਦੇ ਫੈਸਲੇ ਨੂੰ ਪਲਟ ਦਿੱਤਾ ਹੈ।










# ਅਰੁੰਧਤੀ ਰਾਏ ਨੂੰ 'ਬੇਮਿਸਾਲ' ਲਿਖਤ ਲਈ 'ਪੈਨ ਪਿੰਟਰ ਪੁਰਸਕਾਰ' ਮਿਲੇਗਾ
# ਕਸ਼ਮੀਰ ਅਜ਼ਾਦੀ ਬਾਰੇ ਅਵਾਜ਼ ਉਠਾਉਣ ਵਾਲੀ ਅਰੁੰਧਤੀ ਪੰਜਾਬ ਬਾਰੇ ਚੁੱਪ ਕਿਉਂ?



ਦਿੱਲੀ:-14 ਸਾਲ ਪਹਿਲਾਂ ਕਸ਼ਮੀਰ ਬਾਰੇ ਇਤਿਹਾਸਕ ਟਿੱਪਣੀਆਂ ਨੂੰ ਲੈ ਕੇ ਮੌਜੂਦਾ ਸਮੇਂ ਵਿਚ ਯੂਏਪੀਏ ਮੁਕੱਦਮੇ ਦਾ ਸਾਹਮਣਾ ਕਰ ਰਹੀ ਬੁਕਰ ਪੁਰਸਕਾਰ ਜੇਤੂ ਲੇਖਿਕਾ ਅਰੁੰਧਤੀ ਰਾਏ ਨੂੰ ਬੀਤੇ ਦਿਨੀਂ ਉਸ ਦੀਆਂ ਅਡੋਲ ਲਿਖਤਾਂ ਲਈ ਵੱਕਾਰੀ ਪੈਨ ਪਿੰਟਰ ਪੁਰਸਕਾਰ 2024 ਨਾਲ 10 ਅਕਤੂਬਰ 2024 ਨੂੰ ਸਨਮਾਨਿਤ ਕੀਤਾ ਜਾਵੇਗਾ ।2009 ਤੋਂ, ਇਹ ਪੁਰਸਕਾਰ ਨੋਬਲ ਪੁਰਸਕਾਰ ਜੇਤੂ ਅਤੇ ਨਾਟਕਕਾਰ ਹੈਰੋਲਡ ਪਿੰਟਰ ਦੀ ਯਾਦ ਵਿੱਚ ਦਿੱਤਾ ਜਾਂਦਾ ਹੈ।ਇਹ ਪੁਰਸਕਾਰ ਹਰ ਸਾਲ ਬਰਤਾਨੀਆ ਅਤੇ ਰਾਸ਼ਟਰਮੰਡਲ ਦੇਸ਼ਾਂ ਦੇ ਉਨ੍ਹਾਂ ਨਾਗਰਿਕ ਲੇਖਕਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਦਾ ਵਿਸ਼ਵ ਪ੍ਰਤੀ 'ਅਡੋਲ', 'ਦਲੇਰੀ' ਦ੍ਰਿਸ਼ਟੀਕੋਣ ਹੈ ਅਤੇ ਜਿਨ੍ਹਾਂ ਦੀ ਲਿਖਤ "ਜ਼ਿੰਦਗੀ ਅਤੇ ਸਮਾਜ ਦੇ ਅਸਲ ਸੱਚ ਨੂੰ ਪਰਿਭਾਸ਼ਤ ਕਰਨ ਲਈ ਬੌਧਿਕ ਦ੍ਰਿੜਤਾ" ਨੂੰ ਦਰਸਾਉਂਦੀ ਹੈ। ਇਸ ਪੁਰਸਕਾਰ ਲਈ ਇਸ ਸਾਲ ਦੀ ਜਿਊਰੀ ਵਿੱਚ ਪੈਨ ਦੀ ਪ੍ਰਧਾਨ ਰੂਥ ਬੋਰਥਵਿਕ, ਅਦਾਕਾਰ ਖਾਲਿਦ ਅਬਦੁੱਲਾ ਅਤੇ ਲੇਖਕ ਰੋਜਰ ਰੌਬਿਨਸਨ ਸ਼ਾਮਲ ਸਨ।ਜੱਜਾਂ ਨੇ ਵਾਤਾਵਰਣ ਦੇ ਵਿਗਾੜ ਤੋਂ ਲੈ ਕੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੱਕ ਦੇ ਮੁੱਦਿਆਂ 'ਤੇ ਰਾਏ ਦੀਆਂ ਟਿੱਪਣੀਆਂ ਦੀ ਸ਼ਲਾਘਾ ਕੀਤੀ।ਅਬਦੱਲਾ ਨੇ ਕਿਹਾ ਕਿ ਰਾਏ ਆਜ਼ਾਦੀ ਅਤੇ ਨਿਆਂ ਦੀ ਚਮਕਦੀ ਆਵਾਜ਼ ਹੈ।ਅਰੁੰਧਤੀ ਨੇ ਨਰਿੰਦਰ ਮੋਦੀ ਸਰਕਾਰ ਖਿਲਾਫ ਆਵਾਜ਼ ਉਠਾਈ ਸੀ। ਪੈੱਨ ਇੰਟਰਨੈਸ਼ਨਲ ਦੇ ਸਲਿਲ ਤ੍ਰਿਪਾਠੀ ਨੇ ਪਿਛਲੇ ਹਫ਼ਤੇ ਗਾਰਡੀਅਨ ਵਿੱਚ ਲਿਖਿਆ ਸੀ ਕਿ ਭਾਵੇਂ ਮੋਦੀ ਹਾਲੀਆ ਚੋਣਾਂ ਵਿੱਚ ਸੰਸਦੀ ਬਹੁਮਤ ਤੋਂ ਖੁੰਝ ਗਏ ਹੋਣ, ਪਰ ਇਹ ਮੰਨਣਾ ਗਲਤ ਹੋਵੇਗਾ ਕਿ ਉਹ ਬਦਲ ਗਏ ਹਨ। ਉਹ ਜਮ੍ਹੂਰੀਅਤ ਨੂੰ ਕੋਈ ਸਪੇਸ ਨਹੀਂ ਦੇ ਰਹੇ।ਉਨ੍ਹਾਂ ਲਿਖਿਆ ਸੀ, ''ਰਾਏ ਵਰਗੇ ਮਸ਼ਹੂਰ ਲੇਖਕ ਦਾ ਪਿੱਛਾ ਕਰਦੇ ਹੋਏ ਸਰਕਾਰ ਨੇ ਆਲੋਚਕਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਕੁਝ ਵੱਖਰਾ ਕਰਨ ਦੀ ਉਮੀਦ ਨਾ ਰੱਖਣ। ਆਲੋਚਕਾਂ 'ਤੇ ਤਲਵਾਰ ਲਟਕ ਰਹੀ ਹੈ। ਰਾਏ ਦਾ ਕੇਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਕਲਮ ਤਲਵਾਰ ਨਾਲੋਂ ਸ਼ਕਤੀਸ਼ਾਲੀ ਕਿਉਂ ਹੋਣੀ ਚਾਹੀਦੀ ਹੈ?

ਅਰੁੰਧਤੀ ਰਾਏ ਨੇ ਕਿਹਾ ਕਿ ਉਹ ਪੇਨ ਪਿੰਟਰ ਐਵਾਰਡ ਪ੍ਰਾਪਤ ਕਰਕੇ ਖੁਸ਼ ਹੈ। ਮੈਂ ਚਾਹੁੰਦੀ ਹਾਂ ਕਿ ਹੈਰੋਲਡ ਪਿੰਟਰ ਅੱਜ ਸਾਡੇ ਨਾਲ ਹੁੰਦਾ ਜਦੋਂ ਸੰਸਾਰ ਦਿਨੋ-ਦਿਨ ਮੁਸ਼ਕਲ ਹੁੰਦਾ ਜਾ ਰਿਹਾ ਹੈ। ਅਤੇ ਜਦੋਂ ਉਹ ਉੱਥੇ ਨਹੀਂ ਹੈ ਤਾਂ ਸਾਡੇ ਵਿੱਚੋਂ ਕਿਸੇ ਨੂੰ ਉਸ ਦੁਆਰਾ ਖਾਲੀ ਕੀਤੀ ਜਗ੍ਹਾ ਨੂੰ ਭਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।ਪਿਛਲੇ ਪੈਨ ਅਵਾਰਡ ਜੇਤੂਆਂ ਵਿੱਚ ਮੈਲੋਰੀ ਬਲੈਕਮੈਨ, ਸਿਟਸੀ ਡੰਗਰੇਮਬਗਾ, ਮਾਰਗਰੇਟ ਏਟੌਂਡ, ਅਤੇ ਸਲਮਾਨ ਰਸ਼ਦੀ ਸ਼ਾਮਲ ਹੈ।

ਸੁਆਲ ਇਹ ਹੈ ਕਿ ਅਰੰਧਤੀ ਕਸ਼ਮੀਰ ਦੀ ਅਜ਼ਾਦੀ, ਮਨੁੱਖੀ ਅਧਿਕਾਰਾਂ ਬਾਰੇ ਬੇਬਾਕੀ ਨਾਲ ਅਵਾਜ਼ ਉਠਾ ਰਹੇ ਹਨ ਪਰ ਪੰਜਾਬ ਤੇ ਸਿਖ ਪੰਥ ਦੇ ਦੁਖਾਂਤ ਬਾਰੇ ਚੁਪ ਕਿਉਂ ਹਨ ? ਹਾਲਾਂਕਿ ਗੁਰਪੁਰਵਾਸੀ ਸੀਨੀਅਰ ਪੱਤਰਕਾਰ ਦਲਬੀਰ ਸਿੰਘ ਗੰਨਾ ਪਿੰਡ ਤੇ ਗੁਰਬਚਨ ਸਿੰਘ ਦੇਸ ਪੰਜਾਬ ਨੇ ਉਨ੍ਹਾਂ ਨੂੰ ਜਲੰਧਰ ਦੇਸ ਭਗਤ ਯਾਦਗਾਰ ਹਾਲ ਵਿਖੇਪੰਜਾਬ ਸੰਤਾਪ, ਦਿਲੀ ਕਤਲੇਆਮ 84ਬਾਰੇ ਪੁਸਤਕਾਂ ਭੇਂਟ ਕੀਤੀਆਂ ਗਲਬਾਤ ਵੀ ਕੀਤੀ,ਪਰ ਇਸ ਦੇ ਬਾਵਜੁਦ ਅਰੰਧਤੀ ਰਾਇ ਚੁਪ ਹਨ।ਅਜਿਹਾ ਕਿਉਂ?

## (ਬੀ-1 ਦੀ ਬਾਕੀ)

"ਭਾਰਤ ਵਿਚ, ਅਸੀਂ ਧਰਮ ਪਰਿਵਰਤਨ ਵਿਰੋਧੀ ਕਾਨੂੰਨਾਂ, ਨਫ਼ਰਤ ਭਰੇ ਭਾਸ਼ਣ, ਧਾਰਮਿਕ ਘੱਟ ਗਿਣਤੀ ਭਾਈਚਾਰਿਆਂ ਦੇ ਲੋਕਾਂ ਦੇ ਘਰਾਂ ਅਤੇ ਪੂਜਾ ਸਥਾਨਾਂ ਨੂੰ ਢਾਹੁਣ ਦੇ ਮਾਮਲਿਆਂ ਵਿਚ ਚਿੰਤਾਜਨਕ ਵਾਧਾ ਦੇਖਿਆ ਹੈ। ਇਸ ਦੇ ਨਾਲ ਹੀ ਦੁਨੀਆਂ ਭਰ ਦੇ ਲੋਕ ਧਾਰਮਿਕ ਆਜ਼ਾਦੀ ਦੀ ਰਾਖੀ ਲਈ ਸਖ਼ਤ ਸੰਘਰਸ਼ ਕਰ ਰਹੇ ਹਨ"।ਭਾਰਤ ਲਈ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਬਾਰੇ 2023 ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ 28 ਵਿਚੋਂ 10 ਸੂਬਿਆਂ ਵਿਚ ਸਾਰੇ ਧਰਮਾਂ ਵਿਚ ਧਰਮ ਪਰਿਵਰਤਨ 'ਤੇ ਪਾਬੰਦੀ ਲਗਾਉਣ ਵਾਲੇ ਕਾਨੂੰਨ ਹਨ। ਇਨ੍ਹਾਂ ਵਿਚੋਂ ਕੁੱਝ ਸੂਬੇ ਵਿਆਹ ਦੇ ਉਦੇਸ਼ ਲਈ ਜ਼ਬਰਦਸਤੀ ਧਰਮ ਪਰਿਵਰਤਨ ਦੇ ਵਿਰੁਧ ਜੁਰਮਾਨੇ ਵੀ ਲਗਾਉਂਦੇ ਹਨ। ਭਾਰਤ ਨੇ ਇਸ ਤੋਂ ਪਹਿਲਾਂ ਮਨੁੱਖੀ ਅਧਿਕਾਰਾਂ 'ਤੇ ਅਮਰੀਕੀ ਵਿਦੇਸ਼ ਵਿਭਾਗ ਦੀ ਸਾਲਾਨਾ ਰਿਪੋਰਟ ਨੂੰ ਇਹ ਕਹਿੰਦੇ ਹੋਏ ਰੱਦ ਕਰ ਦਿਤਾ ਹੈ ਕਿ ਇਹ "ਗਲਤ ਜਾਣਕਾਰੀ ਅਤੇ ਗਲਤ ਸਮਝ" 'ਤੇ ਆਧਾਰਿਤ ਹੈ।ਵਿਦੇਸ਼ ਵਿਭਾਗ ਨੇ ਪਿਛਲੇ ਸਾਲ ਕਿਹਾ ਸੀ, "ਕੁੱਝ ਅਮਰੀਕੀ ਅਧਿਕਾਰੀਆਂ ਦੀਆਂ ਪੱਖਪਾਤੀ ਟਿੱਪਣੀਆਂ ਇਨ੍ਹਾਂ ਰਿਪੋਰਟਾਂ ਦੀ ਭਰੋਸੇਯੋਗਤਾ ਨੂੰ ਹੋਰ ਕਮਜ਼ੋਰ ਕਰਦੀਆਂ ਹਨ।" ਇਸ ਸਾਲ ਦੀ ਰਿਪੋਰਟ ਵਿਚ ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਕਿ ਈਸਾਈ ਅਤੇ ਮੁਸਲਮਾਨਾਂ ਨੂੰ ਜ਼ਬਰਦਸਤੀ ਧਰਮ ਪਰਿਵਰਤਨ 'ਤੇ ਪਾਬੰਦੀ ਲਗਾਉਣ ਵਾਲੇ ਕਾਨੂੰਨਾਂ ਦੇ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਧਾਰਮਿਕ ਸਮੂਹਾਂ ਦਾ ਕਹਿਣਾ ਹੈ ਕਿ ਕੁੱਝ ਮਾਮਲਿਆਂ ਵਿਚ, ਧਾਰਮਿਕ ਘੱਟ ਗਿਣਤੀ ਭਾਈਚਾਰਿਆਂ ਦੇ ਮੈਂਬਰਾਂ ਉਤੇ ਝੂਠੇ ਅਤੇ ਮਨਘੜਤ ਦੋਸ਼ਾਂ ਵਿਚ ਤਸ਼ੱਦਦ ਕੀਤੇ ਗਏ ਅਤੇ ਜੇਲ੍ਹਾਂ ਵਿਚ ਡੱਕਿਆ ਗਿਆ ਹੈ।

## ਗਾਜ਼ਾ 'ਚ ਇਜ਼ਰਾਇਲ ਹਮਲੇ ਕਾਰਨ ਹੁਣ ਤੱਕ 37,925 ਫ਼ਲਸਤੀਨੀਆਂ ਦੀ ਮੌਤ

ਕਾਇਰੋ-ਸਿਹਤ ਮੰਤਰਾਲੇ ਨੇ ਵੇਰਵੇ ਜਾਰੀ ਕਰਦਿਆਂ ਦੱਸਿਆ ਕਿ ਗਾਜ਼ਾ ਵਿਚ ਇਜ਼ਰਾਇਲ ਦੇ ਹਮਲੇ ਕਾਰਨ 7 ਅਕਤੂਬਰ ਤੋਂ ਹੁਣ ਤੱਕ 37,925 ਫ਼ਲਸਤੀਨੀ ਮਾਰੇ ਗਏ ਹਨ, ਜਦਕਿ 87,141 ਫ਼ਲਸਤੀਨੀ ਜ਼ਖ਼ਮੀ ਹੋਏ ਹਨ।

THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs
ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC


CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਓਲੰਪਿਕ ਮੈਡਲਾਂ ਤੇ ਪੰਜਾਬ ਨੇ ਕਿਵੇਂ ਆਪਣਾ ਦਬਦਬਾ ਕਾਇਮ ਰੱਖਿਆ?




ਸੁਰਿੰਦਰ ਸਿੰਘ ਸੋਢੀ, ਅਭਿਨਵ ਬਿੰਦਰਾ ਤੇ ਤਰਲੋਚਨ ਸਿੰਘ ਬਾਵਾ




ਪੰਜਾਬ, ਆਜ਼ਾਦੀ ਤੋਂ ਪਹਿਲਾਂ ਦੇ ਸਮੇਂ ਤੋਂ ਹੀ ਲਗਾਤਾਰ ਖੇਡਾਂ ਦਾ ਧੁਰਾ ਰਿਹਾ ਹੈ। ਦੇਸ਼ ਵੰਡ ਕਾਰਨ ਹੋਈ ਤਬਾਹੀ, ਹਿੰਸਾ ਦੇ ਦੌਰ ਅਤੇ ਹੁਣ ਪਿੰਡਾਂ ਦੇ ਨੌਜਵਾਨਾਂ ਵਿੱਚ ਨਸ਼ਿਆਂ ਦੇ ਮੁੱਦੇ ਅਤੇ ਪਰਵਾਸ ਦੀ ਸਮੱਸਿਆ ਨਾਲ ਜੂਝਣ ਦੇ ਬਾਵਜੂਦ ਪੰਜਾਬ ਖੇਡਾਂ ਵਿੱਚ ਮੋਹਰੀ ਹੈ। ਇਸ ਖੇਤੀ ਪ੍ਰਧਾਨ ਸੂਬੇ ਨੇ ਭਾਰਤ ਦੀ ਓਲੰਪਿਕ ਟੀਮ ਵਿੱਚ ਅਹਿਮ ਯੋਗਦਾਨ ਪਾਇਆ ਹੈ। ਜਦੋਂ ਦੇਸ਼ ਦੇ ਓਲੰਪਿਕ ਮੈਡਲ ਜੇਤੂਆਂ ਦੀ ਗੱਲ ਆਉਂਦੀ ਹੈ, ਤਾਂ ਪੰਜਾਬ ਸਭ ਤੋਂ ਵੱਧ ਯੋਗਦਾਨ ਪਾਉਣ ਵਾਲੇ ਸੂਬੇ ਵਜੋਂ ਸਾਹਮਣੇ ਆਉਂਦਾ ਹੈ। ਨੌਰਮਨ ਪ੍ਰਿਚਰਡ, ਜਿਨ੍ਹਾਂ ਨੇ 1900 ਵਿੱਚ ਭਾਰਤ ਦੀ ਨੁਮਾਇੰਦਗੀ ਕਰਦੇ ਹੋਏ ਇੱਕ ਸਿੰਗਲ ਐਥਲੀਟ ਦੇ ਰੂਪ ਵਿੱਚ ਮੁਕਾਬਲਾ ਕੀਤਾ ਅਤੇ ਅਥਲੈਟਿਕਸ ਵਿੱਚ ਦੋ ਸਿਲਵਰ ਮੈਡਲ ਜਿੱਤੇ। ਉਦੋਂ ਤੋਂ ਸ਼ੁਰੂ ਹੋਏ ਇਸ ਸਫ਼ਰ ਵਿੱਚ ਭਾਰਤ ਨੇ 2020 ਟੋਕੀਓ ਓਲੰਪਿਕ ਵਿੱਚ ਸੱਤ ਮੈਡਲ ਜਿੱਤ ਕੇ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਕੀਤਾ ਸੀ। ਇਸ ਵਿੱਚ ਪੰਜਾਬ ਦਾ ਯੋਗਦਾਨ ਮਹੱਤਵਪੂਰਨ ਰਿਹਾ ਹੈ। ਭਾਰਤ ਦੇ ਕੁੱਲ ਓਲੰਪਿਕ ਮੈਡਲ ਜੇਤੂਆਂ ਵਿੱਚ ਪੰਜਾਬ ਦਾ ਯੋਗਦਾਨ 33 ਫ਼ੀਸਦੀ ਹੈ। 1900 ਪੈਰਿਸ ਓਲੰਪਿਕ ਅਤੇ 2020 ਟੋਕੀਓ ਓਲੰਪਿਕ ਦੇ ਵਿਚਕਾਰ ਭਾਰਤ ਨੇ 35 ਮੈਡਲ ਜਿੱਤੇ ਹਨ। ਇੱਕ ਖਿਡਾਰੀ ਵਾਲੀਆਂ ਖੇਡਾਂ ਤੋਂ 23 ਮੈਡਲ ਪ੍ਰਾਪਤ ਹੋਏ ਜਦੋਂਕਿ ਪੁਰਸ਼ ਹਾਕੀ ਟੀਮ ਦੇ ਹਿੱਸੇ 12 ਮੈਡਲ ਆਏ ਹਨ। ਭਾਰਤ ਦੇ ਓਲੰਪਿਕ ਮੈਡਲ ਜੇਤੂਆਂ ਦੀ ਕੁੱਲ ਗਿਣਤੀ 233 ਹੈ (23 ਵਿਅਕਤੀਗਤ ਮੈਡਲ ਜੇਤੂ ਅਤੇ 210 ਟੀਮ ਖੇਡ ਮੈਡਲ ਜੇਤੂ), ਜਿਸ ਵਿੱਚ ਪੰਜਾਬ ਦੇ 76 ਮੈਡਲ ਜੇਤੂ ਖਿਡਾਰੀ ਹਨ। ਇਸ ਤਰ੍ਹਾਂ ਹਰ ਤੀਜਾ ਭਾਰਤੀ ਓਲੰਪਿਕ ਮੈਡਲ ਜੇਤੂ ਖਿਡਾਰੀ ਪੰਜਾਬ ਤੋਂ ਹੈ। ਉਲੰਪਿਕ ਮੈਡਲਾਂ ਦੀ ਗੱਲ ਕਰੀਏ ਤਾਂ ਭਾਰਤ ਦੇ ਕੁੱਲ 35 ਮੈਡਲਾਂ ਵਿੱਚੋਂ ਪੰਜਾਬ ਨੇ 13 ਮੈਡਲਾਂ ਵਿੱਚ ਯੋਗਦਾਨ ਪਾਇਆ ਹੈ, ਜੋ ਕਿ ਲਗਭਗ 40 ਪ੍ਰਤੀਸ਼ਤ ਹੈ। ਦੇਸ਼ ਦਾ ਪਹਿਲਾ ਸਿੰਗਲ ਓਲੰਪਿਕ ਗੋਲਡ ਮੈਡਲ ਪੰਜਾਬ ਦੇ ਨਾਂ ਉਦੋਂ ਆਇਆ ਜਦੋਂ ਨਿਸ਼ਾਨੇਬਾਜ਼ ਅਭਿਨਵ ਬਿੰਦਰਾ 2008 ਬੀਜਿੰਗ ਓਲੰਪਿਕ ਵਿੱਚ ਵਿਅਕਤੀਗਤ ਖੇਡ ਵਿੱਚ ਭਾਰਤ ਦਾ ਪਹਿਲਾ ਓਲੰਪਿਕ ਗੋਲਡ ਮੈਡਲ ਜੇਤੂ ਬਣਿਆ।

ਭਾਰਤ ਵੱਲੋਂ ਜਿੱਤੇ ਸਾਰੇ 12 ਹਾਕੀ ਓਲੰਪਿਕ ਮੈਡਲਾਂ ਵਿੱਚ ਵੀ ਪੰਜਾਬ ਦਾ ਯੋਗਦਾਨ ਰਿਹਾ ਹੈ।

1968 ਦੀ ਓਲੰਪਿਕ ਕਾਂਸੀ ਦਾ ਤਗ਼ਮਾ ਜੇਤੂ ਹਾਕੀ ਟੀਮ ਦਾ ਹਿੱਸਾ ਰਹੇ ਕਰਨਲ ਬਲਬੀਰ ਸਿੰਘ ਨੇ ਕਿਹਾ, "ਪੰਜਾਬ ਆਜ਼ਾਦੀ ਤੋਂ ਪਹਿਲਾਂ ਦੇ ਸਮੇਂ ਤੋਂ ਹੀ ਖੇਡਾਂ ਦਾ ਧੁਰਾ ਰਿਹਾ ਹੈ ਅਤੇ ਅੱਜ ਵੀ ਅਜਿਹਾ ਹੀ ਹੈ।"

"2020 ਟੋਕੀਓ ਓਲੰਪਿਕ ਵਿੱਚ ਭਾਰਤੀ ਪੁਰਸ਼ ਹਾਕੀ ਟੀਮ ਨੇ ਕਾਂਸੀ ਦਾ ਤਗ਼ਮਾ ਜਿੱਤਿਆ, ਅਤੇ ਇਸ ਟੀਮ ਵਿੱਚ ਅੱਧੇ ਤੋਂ ਜ਼ਿਆਦਾ ਖਿਡਾਰੀ ਪੰਜਾਬੀ ਸਨ।" ਉਨ੍ਹਾਂ ਨੇ ਕਿਹਾ, "ਵਿਸ਼ਵ ਪੱਧਰੀ ਹਾਕੀ ਖਿਡਾਰੀ ਪੈਦਾ ਕਰਨ ਤੋਂ ਇਲਾਵਾ, ਪੰਜਾਬ ਨੇ ਚੋਟੀ ਦੇ ਐਥਲੀਟ ਅਤੇ ਨਿਸ਼ਾਨੇਬਾਜ਼ ਵੀ ਤਿਆਰ ਕੀਤੇ ਹਨ।" "ਦੇਸ਼ ਦੇ ਓਲੰਪਿਕ ਮੈਡਲ ਜੇਤੂਆਂ ਵਿੱਚ ਪੰਜਾਬ ਦਾ ਯੋਗਦਾਨ ਕਾਫ਼ੀ ਹੱਦ ਤੱਕ ਹਾਕੀ ਦਾ ਹੈ।"

"ਜਦੋਂ ਤੋਂ ਭਾਰਤੀ ਹਾਕੀ ਨੇ ਓਲੰਪਿਕ ਦੀ ਸ਼ੁਰੂਆਤ ਕੀਤੀ ਹੈ, 1928 ਤੋਂ ਲੈ ਕੇ ਹੁਣ ਤੱਕ ਕੋਈ ਵੀ ਟੀਮ ਅਜਿਹੀ ਨਹੀਂ, ਜਿਸ ਵਿੱਚ ਪੰਜਾਬ ਦਾ ਕੋਈ ਖਿਡਾਰੀ ਨਾ ਹੋਵੇ।"

## ਬੀਬੀ ਸੁਰਜੀਤ ਕੌਰ 'ਆਪ' ਵਿੱਚ ਸ਼ਾਮਲ

ਜਲੰਧਰ:-ਪੰਜਾਬ ਵਿਚ ਜਲੰਧਰ ਜ਼ਿਮਨੀ ਚੋਣ ਤੋਂ ਪਹਿਲਾਂ ਵੱਡੀ ਸਿਆਸੀ ਉਥਲ ਪੁਥਲ ਸ਼ੁਰੂ ਹੋ ਗਈ ਹੈ।

ਇਥੋਂ ਚੋਣ ਲੜ ਰਹੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਸੁਰਜੀਤ ਕੌਰ ਅਚਾਨਕ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਈ ਹੈ। ਉਨ੍ਹਾਂ ਇਹ ਫੈਸਲਾ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕਰਨ ਤੋਂ ਬਾਅਦ ਲਿਆ। ਮੁੱਖ ਮੰਤਰੀ ਨੇ ਉਨ੍ਹਾਂ ਦਾ ਪਾਰਟੀ ਵਿਚ ਨਿੱਘਾ ਸਵਾਗਤ ਕੀਤਾ ਹੈ।

ਜਲੰਧਰ ਜ਼ਿਮਨੀ ਚੋਣ ਲਈ ਵੋਟਾਂ 10 ਜੁਲਾਈ ਨੂੰ ਪੈਣਗੀਆਂ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਸੁਰਜੀਤ ਕੌਰ ਨੂੰ ਸਰਕਾਰ ਵਿੱਚ ਚੰਗੀ ਜ਼ਿੰਮੇਵਾਰੀ ਦੇਣਗੇ।

ਆਮ ਆਦਮੀ ਪਾਰਟੀ ਨੇ ਭਾਜਪਾ ਦੇ ਸਾਬਕਾ ਮੰਤਰੀ ਚੂੰਨੀ ਲਾਲ ਭਗਤ ਦੇ ਪੁੱਤਰ ਮਹਿੰਦਰ ਭਗਤ ਨੂੰ ਉਮੀਦਵਾਰ ਬਣਾਇਆ ਹੈ।


# ਲਰਨਿੰਗ ਲਾਇਸੈਂਸ

A TO Z DRIVING SCHOOL

**ਕਾਰ, ਟਰੱਕ/ ਮੋਟਰਸਾਈਕਲ**
**ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ**
**ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ**

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

**WE DO:**
*CITIZENSHIP CLASSES
*NATIONAL SAFETY CODE (NSC) CLASSES

**A to Z DRIVING SCHOOL**

**Lucky: 604-614-5365**

Unit 15 - 8388 128 St., Surrey



# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC


## ਇਸ ਹਫਤੇ ਦੇ ਪ੍ਰੋਗਰਾਮ

*5-6-7 ਜੁਲਾਈ (ਵਿਆਹ ਪੁਰਬ) ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੀ ਖੁਸ਼ੀ ਵਿਚ ਪਿੰਡ ਮਹਿਸਮਪੁਰ ਅਤੇ ਇਲਾਕੇ ਦੀ ਸਮੁੱਚੀ ਸੰਗਤ ਵੱਲੋਂ ਸ੍ਰੀ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ।

*7 ਜੁਲਾਈ ਨੂੰ ਸਵੇਰੇ 10 ਵਜੇ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਉਪਰੰਤ ਦੁਪਹਿਰ 12.30 ਵਜੇ ਤੱਕ ਹਫਤਾਵਾਰੀ ਦੀਵਨ ਸਜਣਗੇ ਜਿਸ ਵਿਚ ਭਾਈ ਨਿਰਮਲਜੀਤ ਸਿੰਘ ਹਜੂਰੀ ਰਾਗੀ ਜਥਾ (ਮਸਤੂਆਣਾ ਸਾਹਿਬ), ਭਾਈ ਰਾਜਪਾਲ ਸਿੰਘ ਕਥਾਵਾਚਕ ਅਤੇ ਸੰਤ ਬਾਬਾ ਜਗਜੀਤ ਸਿੰਘ ਜੀ (ਖਾਰੇ ਵਾਲੇ) ਸੇਵਕ ਮਸਤੂਆਣਾ ਸਾਹਿਬ ਦੀਵਾਨ ਸਜਾਉਣਗੇ। ਉਪਰੰਤ ਦੁਪਹਿਰ 1 ਤੋਂ 4 ਵਜੇ ਤੱਕ ਚੌਪਹਿਰਾ ਸਾਹਿਬ ਹੋਣਗੇ।

*9-10-11-12-13-14 ਜੁਲਾਈ ਨੂੰ ਸ੍ਰੀ ਮਾਨ ਸੰਤ ਬਾਬਾ ਗੁਰਦਿਆਲ ਸਿੰਘ ਜੀ ਟਾਂਡੇ ਵਾਲਿਆਂ ਵੱਲੋਂ ਹਰ ਰੋਜ ਸ਼ਾਮ 7 ਤੋਂ 8 ਵਜੇ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ।



ਚੌਪਹਿਰਾ ਸਾਹਿਬ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਹੋਣਗੇ।

| ਰਾਗੀ ਜੱਥੇ | ਕਥਾਵਾਚਕ | ਤਬਲਾ ਸਿੱਖਣ ਲਈ ਸੰਪਰਕ ਕਰੋ: |
|---|---|---|
| ਬਾਬਾ ਭਗਵੰਤ ਸਿੰਘ ਰਾੜਾ ਸਾਹਿਬ ਸੰਪਰਦਾ ਵਾਲੇ<br>ਭਾਈ ਨਿਰਮਲਜੀਤ ਸਿੰਘ ਖਾਲਸਾ ਫਿਰੋਜਪੁਰ ਵਾਲੇ | ਬਾਬਾ ਜਗਜੀਤ ਸਿੰਘ ਜੀ (ਖਾਰੇ ਵਾਲੇ)<br>ਭਾਈ ਰਾਜਪਾਲ ਸਿੰਘ ਜੀ ਬੋਪਾਰਾਏ | 604-413-7171 |

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਹਾਥਰਸ ‘ਚ ਸਤਿਸੰਗ ਦੇ ਦੌਰਾਨ ਭਗਦੜ ਵਿੱਚ ਹੋਈਆਂ ਕਰੀਬ 100 ਮੌਤਾਂ, ਕੀ ਹਨ ਤਾਜ਼ਾ ਹਾਲਾਤ?

ਯੂ.ਪੀ:-,ਹਾਥਰਸ ਦੇ ਐੱਸਪੀ ਨੇ ਬੀਬੀਸੀ ਨਾਲ ਗੱਲਬਾਤ ਦੌਰਾਨ 60 ਮੌਤਾਂ ਦੀ ਪੁਸ਼ਟੀ ਕੀਤੀ ਹੈ।ਉੱਤਰ ਪ੍ਰਦੇਸ਼ ਦੇ ਹਾਥਰਸ ਵਿੱਚ ਸਤਿਸੰਗ ਦੌਰਾਨ ਮੱਚੀ ਭਗਦੜ ਵਿੱਚ ਕਰੀਬ 100 ਸ਼ਰਧਾਲੂਆਂ ਦੇ ਮਾਰੇ ਜਾਣ ਦੀ ਖ਼ਬਰ ਹੈ।ਏਡੀਜੀ ਆਗਰਾ ਦੇ ਦਫ਼ਤਰ ਨੇ ਬੀਬੀਸੀ ਨੂੰ 100 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ।ਹਾਥਰਸ




ਦੇ ਜ਼ਿਲ੍ਹਾ ਮੈਜਿਸਟ੍ਰੇਟ ਅਸ਼ੀਸ਼ ਕੁਮਾਰ ਨੇ ਦੱਸਿਆ, “ਹਾਥਰਸ ਦੀ ਤਹਿਸੀਲ ਸਿਕੰਦਰਾਊ ਵਿਚਲੇ ਪਿੰਡ ਮੁਗਲਗੜ੍ਹੀ ਵਿੱਚ ਭੋਲੇ ਬਾਬਾ ਦਾ ਸਮਾਗਮ ਹੋ ਰਿਹਾ ਸੀ ਜਦੋਂ ਸਮਾਗਮ ਖ਼ਤਮ ਹੋ ਰਿਹਾ ਸੀ, ਜਦੋਂ ਲੋਕ ਬਾਹਰ ਨਿਕਲਣ ਲੱਗੇ ਉਦੋਂ ਇਹ ਘਟਨਾ ਵਾਪਰੀ ਹੈ।“ਉਨ੍ਹਾਂ ਨੇ ਦੱਸਿਆ, “ਇਸ ਸਮਾਗਮ ਦੀ ਮਨਜ਼ੂਰੀ ਐੱਸਡੀਐੱਮ ਵੱਲੋਂ ਦਿੱਤੀ ਗਈ ਸੀ, ਇਹ ਇੱਕ ਨਿੱਜੀ ਸਮਾਗਮ ਸੀ।“ਇਸ ਬਾਰੇ ਇੱਕ ਉੱਚੇ ਪੱਧਰ ਦੀ ਜਾਂਚ ਕਮੇਟੀ ਵੀ ਗਠਿਤ ਕੀਤੀ ਗਈ ਹੈ।ਹਾਦਸੇ ਵਿੱਚ ਕਵਿੱਕ ਰਿਸਪਾਂਸ ਟੀਮ ‘ਚ ਡਿਊਟੀ ’ਤੇ ਤਾਇਨਾਤ ਕਾਂਸਟੇਬਲ ਰਵੀ ਯਾਦਵ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਕਾਂਸਟੇਬਲ ਮੈਡੀਕਲ ਕਾਲਜ ‘ਚ ਡਿਊਟੀ ‘ਤੇ ਸੀ।ਪ੍ਰਾਪਤ ਜਾਣਕਾਰੀ ਅਨੁਸਾਰ ਮੈਡੀਕਲ ਕਾਲਜ ਵਿੱਚ ਹੀ ਲਾਸ਼ਾਂ ਪਹੁੰਚ ਰਹੀਆਂ ਸਨ। ਵੱਡੀ ਗਿਣਤੀ ਵਿੱਚ ਪੁਲੀਸ ਮੁਲਾਜ਼ਮ ਵੀ ਡਿਊਟੀ ਲਈ ਪੁੱਜੇ ਹੋਏ ਸਨ। ਇਸ ਦੌਰਾਨ ਕਾਂਸਟੇਬਲ ਰਵੀ ਯਾਦਵ ਦੀ ਡਿਊਟੀ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਸੰਭਾਲਣ ਦੀ ਸੀ। ਇਕੋ ਸਮੇਂ ਬਹੁਤ ਸਾਰੀਆਂ ਲਾਸ਼ਾਂ ਦੇਖਣ ਤੋਂ ਬਾਅਦ ਰਵੀ ਯਾਦਵ ਨੂੰ ਦਿਲ ਦਾ ਦੌਰਾ ਪਿਆ ਅਤੇ ਉਸ ਦੀ ਮੌਤ ਹੋ ਗਈ। ਮੰਨਿਆ ਜਾ ਰਿਹਾ ਹੈ ਕਿ ਲਾਸ਼ਾਂ ਨੂੰ ਦੇਖ ਕੇ ਉਸ ਨੂੰ ਦਿਲ ਦਾ ਦੌਰਾ ਪਿਆ ਸੀ।

## ਸਿੰਗਾਪੁਰ ਦੀ ਧਾਰਮਿਕ ਆਗੂ ਨੂੰ ਠੱਗੀ ਮਾਰਨ ਦੇ ਦੋਸ਼ ਹੇਠ ਦਸ ਸਾਲ ਸਜ਼ਾ

ਸਿੰਗਾਪੁਰ:-ਇੱਥੋਂ ਦੀ ਇਕ ਧਾਰਮਿਕ ਆਗੂ ਨੂੰ ਆਪਣੇ ਪੈਰੋਕਾਰਾਂ ਨਾਲ ਠੱਗੀ ਮਾਰਨ ਦੇ ਦੋਸ਼ ਹੇਠ ਸਾਢੇ ਦਸ ਸਾਲ ਦੀ ਸਜ਼ਾ ਸੁਣਾਈ ਗਈ ਹੈ। ਉਸ ’ਤੇ ਆਪਣੇ ਪੈਰੋਕਾਰਾਂ ਨਾਲ 43 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਲੱਗੇ ਹਨ। ਇੱਥੋਂ ਦੇ ਨਿਊਜ਼ ਚੈਨਲ ਸੀਐਨਏ ਦੀ ਰਿਪੋਰਟ ਅਨੁਸਾਰ ਇਹ ਧਾਰਮਿਕ ਆਗੂ ਆਪਣੇ ਪੈਰੋਕਾਰਾਂ ਤੋਂ ਉਨ੍ਹਾਂ ਦੇ ਬੁਰੇ ਕੰਮਾਂ ਤੋਂ ਨਿਜਾਤ ਦਿਵਾਉਣ ਦੇ ਨਾਂ ’ਤੇ ਪੈਸੇ ਮੰਗਦੀ ਸੀ ਤੇ ਉਸ ਦੇ ਕੰਮ ਨਾ ਕਰਨ ’ਤੇ ਉਨ੍ਹਾਂ ’ਤੇ ਤਸ਼ੱਦਦ ਵੀ ਕਰਦੀ ਸੀ। ਦੂਜੇ ਪਾਸੇ ਇਸ ਧਾਰਮਿਕ ਆਗੂ ਨੇ ਦਾਅਵਾ ਕੀਤਾ ਹੈ ਕਿ ਉਹ ਆਪਣੇ ਪੈਰੋਕਾਰਾਂ ਤੋਂ ਹਾਸਲ ਕੀਤਾ ਪੈਸਾ ਭਾਰਤ ਭੇਜਦੀ ਸੀ ਜਿੱਥੇ ਗਊਆਂ ਤੇ ਮੰਦਰਾਂ ਆਦਿ ਦੀ ਸੰਭਾਲ ’ਤੇ ਇਹ ਰਾਸ਼ੀ ਖਰਚੀ ਜਾਂਦੀ ਸੀ।

GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

SUPER SANDHU
ਸਾਨੂੰ ਕੈਨਰੀ, ਨਰਸਰੀ ਅਤੇ ਗਰੀਨ ਹਾਊਸ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।




ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

TMG LOGISTICS INC.
Need Owner Operators
NOW HIRING
*Vancouver to California *California to Alberta Back Vancouver
*Vancouver to East USA Return
Good Paying Loads



Need Company Drivers
Single Driver Pay 52cents/mile
Team Drivers 32 cents/mile
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2



# ਸ਼ਿਕਾਗੋ ਅਦਾਲਤ ਨੇ ਭਾਰਤੀ-ਅਮਰੀਕੀ ਡਾਕਟਰ ਨੂੰ ਧੋਖਾਧੜੀ ਦਾ ਦੋਸ਼ੀ ਮੰਨਿਆ

ਨਿਊਯਾਰਕ-ਬੀਤੇ ਦਿਨੀਂ ਅਮਰੀਕਾ ਦੇ ਇਲੀਨੋਇਸ ਸੂਬੇ ਦੀ ਭਾਰਤੀ-ਅਮਰੀਕੀ ਡਾਕਟਰ ਮੋਨਾ ਘੋਸ਼ (51) ਨੂੰ ਗੈਰ-ਮੌਜੂਦ ਸੇਵਾਵਾਂ ਲਈ ਮੈਡੀਕੇਡ ਅਤੇ ਪ੍ਰਾਈਵੇਟ ਬੀਮਾਕਰਤਾਵਾਂ ਨੂੰ ਬਿਲਿੰਗ ਕਰਨ ਲਈ ਸੰਘੀ ਸਿਹਤ ਸੰਭਾਲ ਨਾਲ ਧੋਖਾਧੜੀ ਦੇ ਦੋਸ਼ਾਂ ਲਈ ਅਦਾਲਤ ਨੇ ਦੋਸ਼ੀ ਮੰਨਿਆ ਹੈ। ਉਸ ਨੇ ਘੱਟੋ-ਘੱਟ 24 ਲੱਖ ਡਾਲਰ ਦੀ ਧੋਖਾਧੜੀ ਕੀਤੀ ਹੈ। ਉਸ ਨੂੰ ਘੱਟੋ-ਘੱਟ 20 ਸਾਲ ਦੀ ਕੈਦ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਯੂ.ਐੱਸ. ਅਟਾਰਨੀ ਦੇ ਦਫ਼ਤਰ ਅਨੁਸਾਰ, ਡਾ: ਮੋਨਾ ਘੋਸ਼ ਪ੍ਰੋਗਰੈਸਿਵ ਵੂਮੈਨ ਹੈਲਥਕੇਅਰ ਦੀ ਮਾਲਕੀ ਦਾ ਸੰਚਾਲਨ ਕਰਦੀ ਹੈ। ਯੂ.ਐੱਸ. ਅਟਾਰਨੀ ਦਫ਼ਤਰ ਨੇ ਕਿਹਾ, ਡਾਕਟਰ ਮੋਨਾ ਘੋਸ਼ ਨੇ ਇਹ ਵੀ ਮੰਨਿਆ ਹੈ ਕਿ ਉਸਨੇ ਬੀਮਾ ਕੰਪਨੀਆਂ ਨੂੰ ਜਾਅਲੀ ਅਦਾਇਗੀ ਦਾਅਵਿਆਂ ਦਾ ਸਮਰਥਨ ਕਰਨ ਲਈ ਮੈਡੀਕਲ ਰਿਕਾਰਡਾਂ ਨੂੰ ਜਾਅਲੀ ਬਣਾਇਆ ਸੀ। ਇਹ ਭਾਰਤੀ-ਅਮਰੀਕੀ ਡਾਕਟਰ, ਜੋ ਅਮਰੀਕਾ ਦੇ ਰਾਜ ਇਲੀਨੋਇਸ ਦੇ ਇਨਵਰਨੇਸ ਨਾਲ ਸਬੰਧਤ ਹੈ। ਉਸ ਨੂੰ 22 ਅਕਤੂਬਰ ਨੂੰ ਸਜ਼ਾ ਸੁਣਾਏ ਜਾਣ ਦੀ ਸੰਭਾਵਨਾ ਹੈ। ਪਿਛਲੇ ਸਾਲ ਮਾਰਚ ਵਿਚ, ਡਾਕਟਰ ਮੋਨਾ ਘੋਸ਼ ਨੂੰ ਇੱਕ ਸੰਘੀ ਗ੍ਰੈਂਡ ਜਿਊਰੀ ਨੇ ਸਿਹਤ ਸੰਭਾਲ ਧੋਖਾਧੜੀ ਦੇ ਦੋਸ਼ ਵਿਚ ਦੋਸ਼ੀ ਠਹਿਰਾਇਆ ਸੀ।


T&S Transportation
Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ
604-607-0333



ਮਨ ਮਨੁੱਖ ਦੀ ਕੁੰਜੀ ਹੈ
Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more



"Homeopath R S Saini receiving International Award"
Director, West coast Homeopathic Society of Canada

We Have Effective New Medicines Based On Latest Research For The Cure Of:
• Allergy Conditions
• Colitis
• De-addiction
• Migraine
• Sexual Problems
• Arthritis
• Stress Anxiety
• All Auto-Immune Diseases

Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੱ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



PACIFIC NURSERIES

ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਵਿਕਾਊ



*Blueberry (Duke) Plants FOR SALE
*Certified Imported from USA
*Potted in One Gallon Pots
*High Quality & Healty Plants
*Limited Quantity
*Will Be Ready to Plant in September

*Cedar Hedging Plants FOR SALE
*Potted in One Gallon
*Very Healty & High Quality
*Will be Ready to Plant in September

TO BOOK YOUR ORDER CONTACT:
ONLY FOR WHOLESALERS
778-552-0305

# ਪੰਥ ਸੇਵਕ ਸਖਸ਼ੀਅਤਾਂ ਦਾ ਸਿੱਖ ਰਾਜਨੀਤੀ ਦੀ ਮੌਜੂਦਾ ਸਥਿਤੀ ਬਾਰੇ ਨੀਤੀ ਬਿਆਨ..!

## ਵੋਟ ਸਿਆਸਤ ਵਿੱਚ ਸਿੱਖ ਰਾਜਨੀਤੀ ਦੇ ਅਧਾਰਾਂ ਨੂੰ ਮੁੜ ਸੁਰਜੀਤ ਕੀਤਾ ਜਾਵੇ:ਪੰਥ ਸੇਵਕ

ਬਠਿੰਡਾ (ਅਨਿਲ ਵਰਮਾ) ਪੰਥ ਸੇਵਕ ਜੁਝਾਰੂ ਸਖਸ਼ੀਅਤਾਂ ਨੇ ਅੱਜ ਸਿੱਖ ਵੋਟ ਰਾਜਨੀਤੀ ਦੀ ਮੌਜੂਦਾ ਹਾਲਾਤ ਬਾਰੇ ਇਕ ਸਾਂਝਾ ਨੀਤੀ ਬਿਆਨ ਜਾਰੀ ਕੀਤਾ ਹੈ। ਪੰਥ ਸੇਵਕਾਂ ਭਾਈ ਦਲਜੀਤ ਸਿੰਘ, ਭਾਈ ਨਰਾਇਣ ਸਿੰਘ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਅਮਰੀਕ ਸਿੰਘ ਈਸੜੂ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਮਨਜੀਤ ਸਿੰਘ ਫਗਵਾੜਾ ਅਤੇ ਭਾਈ ਸੁਖਦੇਵ ਸਿੰਘ ਡੰਡ ਨੇ ਇਸ ਬਿਆਨ ਵਿਚ ਕਿਹਾ ਹੈ ਕਿ 'ਸਿੱਖ ਵੋਟ ਰਾਜਨੀਤੀ ਵਿਚ ਪਹਿਲਾਂ ਤੋਂ ਚੱਲ ਰਹੀ ਅੰਦਰੂਨੀ ਫੁੱਟ ਇਸ ਵੇਲੇ ਸਿਖਰਾਂ ਵੱਲ ਜਾ ਰਹੀ ਹੈ। ਅਜਿਹੇ ਵਿਚ ਸਿੱਖ ਵੋਟ ਰਾਜਨੀਤਕ ਖੇਤਰ ਵਿਚ ਪਹਿਲਾਂ ਤੋਂ ਚੱਲ ਰਿਹਾ ਇੰਡੀਅਨ ਸਟੇਟ ਦਾ ਦਖਲ ਹੁਣ ਹੋਰ ਵੀ ਭਾਰੂ ਹੋ ਗਿਆ ਹੈ। ਇਹ ਸਭ ਇਸ ਲਈ ਵਾਪਰ ਰਿਹਾ ਹੈ



ਕਿ ਕਿਉਂਕਿ ਸਿੱਖ ਵੋਟ ਰਾਜਨੀਤਕ ਖੇਤਰ ਵਿਚ ਲੰਮੇ ਸਮੇਂ ਤੋਂ ਗੁਰਮਤਿ ਸੇਧਤ ਅਸੂਲਾਂ ਅਤੇ ਪਰੰਪਰਾਵਾਂ ਦੀ ਅਣਦੇਖੀ ਹੋ ਰਹੀ ਹੈ ।ਇਸ ਗੰਭੀਰ ਸਥਿਤੀ ਦੇ ਕਾਰਨਾਂ ਦੀ ਸ਼ਨਾਖਤ ਕਰਦਿਆਂ ਪੰਥ ਸੇਵਕ ਸਖਸ਼ੀਅਤਾਂ ਨੇ ਕਿਹਾ ਕਿ 'ਇਸ ਵੇਲੇ ਸਿੱਖ ਵੋਟ ਰਾਜਨੀਤੀ ਆਪਣੇ ਮੂਲ ਅਧਾਰਾਂ, ਭਾਵ ਰਾਜਨੀਤੀ ਦੇ ਸਿੱਖ ਆਦਰਸ਼ਾਂ, ਜਥੇਬੰਦ ਹੋਣ ਦੀ ਪੰਥਕ ਰਿਵਾਇਤ ਅਤੇ ਗੁਰਮਤਿ ਸੇਧਤ ਸੰਘਰਸ਼ ਤੋਂ ਹੋਰ ਵੀ ਸੱਖਣੀ ਹੋ ਚੁੱਕੀ ਹੈ'। ਉਹਨਾ ਕਿਹਾ ਕਿ ਰਾਜਨੀਤਕ ਖੇਤਰ ਵਿਚ ਵਿਚਰ ਰਹੇ ਲੋਕਾਂ ਦੀਆਂ ਲਾਲਸਾਵਾਂ ਜਿਵੇਂ ਕਿ ਸਮਰੱਥਾ ਤੋਂ ਵੱਧ ਅਹੁਦਿਆਂ ਤੇ ਪਦਵੀਆਂ ਨੂੰ ਹਾਸਲ ਕਰਨ ਤੇ ਤਾਕਤ ਨੂੰ ਨਿੱਜੀ ਮੁਫਾਦਾਂ ਲਈ ਵਰਤਣ ਜਿਹੀਆਂ ਇੱਛਾਵਾਂ ਹੀ ਸਟੇਟ ਦੇ ਦਖਲ ਦਾ ਰਾਹ ਖੋਲ੍ਹੀਆਂ ਹਨ ਤੇ ਸਿੱਖ ਵੋਟ ਰਾਜਨੀਤੀ ਵਿਚ ਇਹੀ ਵਾਪਰ ਰਿਹਾ ਹੈ। ਇਸ ਹਾਲਾਤ ਵਿਚੋਂ ਨਿੱਕਲਣ ਲਈ ਅੰਦਰੂਨੀ ਸੁਧਾਰਾਂ ਦੀ ਲੋੜ ਉੱਤੇ ਜ਼ੋਰ ਦਿੰਦਿਆਂ ਸਿੱਖ ਸੰਘਰਸ਼ ਵਿਚ ਯੋਗਦਾਨ ਪਾਉਣ ਵਾਲੀਆਂ ਇਹਨਾ ਜੁਝਾਰੂ ਸਖਸ਼ੀਅਤਾਂ ਨੇ ਕਿਹਾ ਕਿ ਇਸ ਵੇਲੇ ਗੁਰੂ ਸਾਹਿਬਾਨ ਦੇ ਦਰਸਾਏ ਰਸਤੇ ਦਾ ਗਿਆਨ ਹਾਸਲ ਕਰਨ ਅਤੇ ਉਸ ਉੱਤੇ ਅਮਲ ਕਰਨ ਦੀ ਜਰੂਰਤ ਹੈ। ਉਹਨਾ ਕਿਹਾ ਕਿ ਸਿੱਖ ਵੋਟ ਰਾਜਨੀਤੀ ਵਿਚ ਸ਼ਾਮਿਲ ਸੁਹਿਰਦ ਹਿੱਸਿਆਂ ਨੂੰ ਆਪੋ-ਆਪਣੀ ਸਮਰੱਥਾ ਅਨੁਸਾਰ ਆਪਣੀ ਭੂਮਿਕਾ ਪਛਾਨਣ ਤੇ ਓਟਣ ਦੀ ਲੋੜ ਹੈ। ਇਸ ਵਾਸਤੇ ਉਹਨਾ ਨੂੰ ਤਿਆਗ ਭਾਵ ਤੇ ਆਪਸੀ ਸੰਵਾਦ ਦਾ ਅਮਲ ਅਪਨਾਉਣ ਚਾਹੀਦਾ ਹੈ।

# ਪਾਣੀ ਦਾ ਤੁਪਕਾ ਨਹੀਂ ਦਿੰਦੇ...

ਭਾਰਤੀ ਨਿਜ਼ਾਮ ਵੱਲੋਂ ਪੰਜਾਬ ਅਤੇ ਸਿੱਖਾਂ ਉੱਤੇ ਹਰ ਰੋਜ਼ ਕੋਈ ਨਾ ਕੋਈ ਨਵਾਂ ਹਮਲਾ ਕੀਤਾ ਜਾ ਰਿਹਾ ਹੈ। ਹਾਲੇ ਕੁੱਝ ਦਿਨ ਪਹਿਲਾਂ ਕੰਗਨਾ ਰਣੌਤ ਅਤੇ ਕੁਲਵਿੰਦਰ ਕੌਰ ਵਿਚਕਾਰ ਵਾਪਰੀ ਅਚਾਨਕ ਘਟਨਾ ਦੀ ਚਰਚਾ ਹੀ ਚੱਲ ਰਹੀ ਸੀ ਕਿ ਅਚਾਨਕ ਗੁਜਰਾਤੀ ਔਰਤ ਅਰਚਣਾ ਮਕਵਾਨਾ ਨੇ ਦਰਬਾਰ ਸਾਹਿਬ ਵਿਖੇ ਆਕ ਯੋਗਾ ਦਿਵਸ ਦੇ ਮੌਕੇ ਤੇ ਪਰਿਕਰਮਾਂ ਵਿੱਚ ਯੋਗਾ ਕਰਕੇ, ਇੱਕ ਨਵਾਂ ਵਿਵਾਦ ਛੇੜ ਦਿੱਤਾ। ਜਿਸ ਨਾਲ ਸਿੱਖ ਜਜਬਾਤਾਂ ਨੂੰ ਡਾਹਢੀ ਠੇਸ ਪਹੁੰਚੀ। ਸ਼੍ਰੋਮਣੀ ਕਮੇਟੀ ਨੇ ਮੁਕੱਦਮਾਂ ਦਰਜ਼ ਕਰਵਾਇਆ ਹੈ ਅਤੇ ਅਰਚਣਾ ਕਈ ਤਰ੍ਹਾਂ ਦੇ ਉਲਟੇ ਸਿੱਧੇ ਬਿਆਨ ਦੇਕੇ ਨਵੇਂ ਬਿਰਤਾਂਤ ਸਿਰਜ ਰਹੀ ਹੈ। ਇਸ ਮੁੱਦੇ ਨੂੰ ਲੈਕੇ ਹਾਲੇ ਦੋਹਾਂ ਪੱਖਾਂ ਤੋਂ ਜ਼ੋਰਦਾਰ ਬਿਆਨਬਾਜ਼ੀ ਹੋ ਰਹੀ ਹੈ। ਪ੍ਰੰਤੂ ਅਚਾਨਕ ਹੀ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਰਬਾਰ ਸਾਹਿਬ ਅਮ੍ਰਿਤਸਰ ਸਾਹਿਬ ਮੱਥਾ ਟੇਕਣ ਆਏ ਤਾਂ ਪੰਜਾਬ ਦੇ ਪਾਣੀਆਂ ਬਾਰੇ ਬਿਆਨ ਦੇਕੇ ਇੱਕ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ।ਇਹ ਗੱਲ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਸੈਣੀ ਬਹੁਤ ਚੰਗੀ ਤਰ੍ਹਾਂ ਜਾਣਦੇ ਸਮਝਦੇ ਹਨ ਕਿ ਇਸ ਤਰ੍ਹਾਂ ਭਾਵੁਕਤਾ ਨਾਲ ਮੰਗਿਆਂ ਪਾਣੀ ਨਹੀਂ ਮਿਲ ਸਕਦਾ। ਐਵੇਂ ਤਾਂ ਕੋਈ ਗਵਾਂਢੀ ਆਪਣੇ ਖੇਤ ਦੀ ਵਾਰੀ ਨਹੀਂ ਦੂਜੇ ਨੂੰ ਲਾਉਣ ਦਿੰਦਾ। ਫਿਰ ਇਹ ਤਾਂ ਪੰਜਾਬ ਦੇ ਭਵਿੱਖ ਨਾਲ ਜੁੜਿਆ ਹੋਇਆ ਮੁੱਦਾ ਹੈ। ਸਭ ਦੇ ਜ਼ਿਹਨ ਵਿੱਚ ਇਹ ਸਵਾਲ ਹੋਵੇਗਾ ਕਿ ਸ੍ਰੀ ਸੈਣੀ ਨੇ ਪਾਣੀ ਕਿਉਂ ਮੰਗਿਆ ? ਅਸਲ ਵਿੱਚ ਸੀ ਸੈਣੀ ਹਰਿਆਣਾ ਵਾਸਤੇ ਦਰਿਆਈ ਪਾਣੀ ਨਹੀਂ ਮੰਗ ਰਹੇ ਉਹ ਤਾਂ ਅਰਚਣਾ ਮਕਵਾਣਾ ਵੱਲੋਂ ਦਰਬਾਰ ਸਾਹਿਬ ਵਿਖੇ ਯੋਗਾ ਕਰਕੇ ਸਿੱਖ ਜ਼ਜ਼ਬਾਤਾਂ ਨੂੰ ਜੋ ਅੱਗ ਲਾਈ ਹੈ, ਉਸ ਉੱਤੇ ਪਾਉਣ ਜੋਗਾ ਪਾਣੀ ਮੰਗ ਰਹੇ ਹਨ ਤਾਂ ਕਿ ਸਿੱਖਾਂ ਅਤੇ ਪੰਜਾਬੀਆਂ ਦਾ ਧਿਆਨ ਅਰਚਣਾ ਵੱਲੋਂ ਯੋਗਾ ਕਰਕੇ ਕੀਤੀ ਗਲਤੀ ਤੋਂ ਹਟ ਜਾਵੇ ਅਤੇ ਉਹਨਾਂ ਨੂੰ ਇੱਕ ਨਵਾਂ ਮੁੱਦਾ ਦੇ ਦਿੱਤਾ ਜਾਵੇ ? ਇਹ ਵੀ ਆਰ.ਐਸ.ਐਸ. ਅਤੇ ਬੀਜੇਪੀ ਵਾਲਿਆਂ ਵੱਲੋਂ ਹਰ ਰੋਜ਼ ਸਿਰਜੇ ਜਾਂਦੇ ਬਿਰਤਾਤਾਂ ਦੀ ਕੜੀ ਵਿੱਚੋਂ ਸਿਰਜਿਆ ਇੱਕ ਨਵਾਂ ਬਿਰਤਾਂਤ ਹੀ ਹੈ ? ਜਿੱਥੋਂ ਤੀਕ ਪਾਣੀ ਦੀ ਗੱਲ ਹੈ ਉਹ ਦਰਬਾਰ ਸਾਹਿਬ ਆਕੇ ਕਰਨੀ ਮੂਲੋਂ ਹੀ ਗਲਤ ਹੈ ਕਿਉਂਕਿ ਇੱਕ ਪਾਸੇ ਤਾਂ ਸ੍ਰੀ ਸੈਣੀ ਉੱਥੇ ਆਕੇ ਅਸੀਸ ਮੰਗਣ ਦੀ ਗੱਲ ਕਰ ਰਹੇ ਹਨ ਅਤੇ ਲੋਕ ਦਿਖਾਵੇ ਵਾਸਤੇ ਲੰਗਰ ਦੇ ਜੂਠੇ ਭਾਂਡੇ ਵੀ ਮਾਂਜ ਰਹੇ ਹਨ। ਜਦੋਂ ਕਿ ਹੱਥੀਂ ਸੇਵਾ ਤੋਂ ਇਲਾਵਾ ਦਰਬਾਰ ਸਾਹਿਬ ਤਾਂ ਮਨ ਨੂੰ ਮਾਂਜਣ ਦਾ ਵੀ ਮੁਕੱਦਸ ਅਸਥਾਨ ਹੈ। ਪ੍ਰੰਤੂ ਸੈਣੀ ਜੀ ਤਾਂ ਮਨ ਦਾ ਕਪਟ ਲੋਕ ਆਏ ਸਨ ਅਤੇ ਪ੍ਰਗਟ ਕਰਕੇ ਚਲੇ ਗਏ ? ਸ੍ਰੀ ਸੈਣੀ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬ ਨੇ ਕਿਸੇ ਦਾ ਹੱਕ ਨਹੀਂ ਦੱਬਿਆ ਹੋਇਆ। ਸਗੋਂ ਹਰਿਆਣਾ ਨੇ ਪੰਜਾਬ ਦੀ ਰਾਜਧਾਨੀ ਅਤੇ ਪੰਜਾਬੀ ਬੋਲਦੇ ਇਲਾਕੇ ਧੱਕੇ ਨਾਲ ਦੱਬੇ ਹੋਏ ਹਨ। ਜੇ ਇਹ ਇਲਾਕੇ ਪੰਜਾਬ ਨੂੰ ਮਿਲ ਜਾਣ ਤਾਂ ਆਪਣੇ ਆਪ ਪਾਣੀ ਮਿਲੇਗਾ ? ਪ੍ਰੰਤੂ ਕੇਂਦਰ ਦੀ ਬਦਨੀਤੀ ਕਰਕੇ, ਪੰਜਾਬ ਤੇ ਸਿੱਖਾਂ ਨੂੰ ਦੰਡ ਦੇਣ ਦੀ ਨੀਅਤ ਨਾਲ ਪਾਣੀ ਅਤੇ ਹੋਰ ਮਸਲੇ ਖੜ੍ਹੇ ਕੀਤੇ ਗਏ ਹਨ ।ਜੇ ਸ੍ਰੀ ਸੈਣੀ ਪੰਜਾਬ ਨੂੰ ਵੱਡਾ ਭਰਾ ਮੰਨਦੇ ਹਨ ਤਾਂ ਫਿਰ ਭਰਾਵਾਂ ਦੀ ਵੰਡ ਕਰਨ ਵਾਸਤੇ ਇੱਕ ਮਜ਼ਬੂਤ ਸਾਲਸ ਹੁੰਦਾ ਹੈ। ਜਿਹੜਾ ਕਿਸੇ ਵੀ ਮੁੱਦੇ ਨੂੰ ਸੁਲਝਾ ਸਕਦਾ ਹੈ। ਪਾਣੀਆਂ ਦੇ ਮੁੱਦਿਆਂ ਉੱਤੇ ਦੁਨੀਆ ਭਰ ਦੇ ਝਗੜੇ ਨਿਬੇੜਨ ਵਾਸਤੇ, ਕੌਮਾਂਤਰੀ ਪੱਧਰ ਦਾ ਇੱਕ ਸਾਲਸ ਬਣਿਆ ਹੋਇਆ ਹੈ। ਜਿਸ ਨੂੰ ਰਿਪੇਰੀਅਨ ਲਾਅ ਵਜੋਂ ਜਾਣਿਆ ਜਾਂਦਾ ਹੈ। ਜੇ ਹਰਿਆਣਾ ਨੂੰ ਮਹਿਸੂਸ ਹੁੰਦਾ ਹੈ ਕਿ ਉਸ ਦਾ ਪੰਜਾਬ ਵਿੱਚ ਵਹਿੰਦੇ ਦਰਿਆਵਾਂ ਦੇ ਪਾਣੀਆਂ ਉੱਤੇ ਕੋਈ ਹੱਕ ਹੈ ਤਾਂ ਫਿਰ ਕਿੰਨਾ ਚੰਗਾ ਹੋਵੇਗਾ ਕਿ ਪੰਜਾਬ ਅਤੇ ਹਰਿਆਣਾ ਰਿਪੇਰੀਅਨ ਲਾਅ ਨਾਮ ਦੇ ਸਾਲਸ ਨੂੰ ਸਾਲਸੀ ਕਰਨ ਵਾਸਤੇ ਕਹਿਣ । ਫਿਰ ਕਿਸੇ ਨੂੰ ਗਿਲਾ ਨਹੀਂ ਰਹੇਗਾ ਕਿ ਕਿਸੇ ਨਾਲ ਧੱਕਾ ਹੋਇਆ । ਪ੍ਰੰਤੂ ਹੁਣ ਹਰਿਆਣਾ ਹੀ ਨਹੀਂ ਸਗੋਂ ਭਾਰਤੀ ਨਿਜਾਮ ਪੰਜਾਬ ਨੂੰ ਬਰਬਾਦ ਕਰਨ ਲਈ ਜਾਂ ਪੰਜਾਬ ਦੇ ਅਮਨ ਨੂੰ ਅੱਗ ਲਾਉਣ ਵਾਸਤੇ ਕੋਈ ਨਾ ਕੋਈ ਸ਼ਰਾਰਤ ਕਰਦਾ ਰਹਿੰਦਾ ਹੈ। ਬੇਸ਼ੱਕ ਇਸ ਪਿੱਛੇ ਉਹਨਾਂ ਦਾ ਮਕਸਦ ਹਰਿਆਣਾ ਵਿਧਾਨਸਭਾ ਚੋਣਾਂ ਵਿੱਚ ਹਰਿਆਣੇ ਦੇ ਲੋਕਾਂ ਨੂੰ ਮੂਰਖ ਬਣਾਕੇ ਵੋਟਾਂ ਬਟੋਰਨ ਤੱਕ ਹੀ ਕਿਉਂ ਨਾ ਹੋਵੇ ?

